# ਕਲਾ ਦੇ ਝਰੋਖੇ 'ਚੋਂ

## ਕਾਰਟੂਨ ਕਲਾ

ਅਖਬਾਰਾਂ ਵਿਚ, ਮੈਗਜ਼ੀਨਾਂ ਵਿਚ ਕਿਸੇ ਸਮਕਾਲੀ ਘਟਨਾ 'ਤੇ ਕਟਾਕਸ਼ ਕਰਦਿਆਂ ਸਕੈਚਨੁਮਾ ਜਾਂ ਲਾਈਨ ਡਰਾਇੰਗ ਵਿਚ ਤਸਵੀਰਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਕਾਰਟੂਨ ਕਿਹਾ ਜਾਂਦਾ ਹੈ। ਕਾਰਟੂਨ ਵਿਚ ਵੱਡੇ ਵੱਡੇ ਲੀਡਰਾਂ ਦਾ ਮਖੌਲ ਉਡਾਇਆ ਜਾਂਦਾ ਹੈ ਅਤੇ ਰਾਜਸੀ ਨੈਤਿਕਤਾ ਵਿਚ ਇਹ ਕਿਹਾ ਜਾਂਦਾ ਹੈ ਕਿ ਉਹ ਲੀਡਰ ਇਹਦਾ ਗੁੱਸਾ ਨਹੀਂ ਮੰਨਦਾ। ਅੰਤਰਰਾਸ਼ਟਰੀ ਪੱਧਰ 'ਤੇ 'ਪੰਚ' (ਗੁੱਝੀ ਚੋਟ) ਇਸ ਕਲਾ ਦੀ ਨੁਮਾਇੰਦਗੀ ਕਰਦੀ ਹੈ ਤੇ ਇਸ ਦੀ ਪ੍ਰਕਾਸ਼ਨਾ ਦੀ ਇਤਿਹਾਸਕ ਥਾਂ ਹੈ। ਸਾਡੇ ਦੇਸ਼ ਵਿਚ ਸ਼ੰਕਰ ਇਸ ਕਲਾ ਦਾ ਉਸਤਾਦ ਗਿਣਿਆ ਜਾਂਦਾ ਸੀ। ਉਹਦਾ ਇਕ ਹਫਤਾਵਾਰੀ ਅਖਬਾਰ ਸ਼ੰਕਰ ਵੀਕਲੀ ਵੀ ਨਿਕਲਦਾ ਸੀ ਜੋ ਕਾਰਟੂਨ ਦਾ ਹੀ ਅਖਬਾਰ ਹੁੰਦਾ ਸੀ। ਦੇਸ਼ ਦੇ ਰਾਜਸੀ ਅਤੇ ਸਮਾਜਿਕ ਵਰਤਾਰੇ ਬਾਰੇ ਉਹਦੇ ਕਾਰਟੂਨ ਸਾਰਿਆਂ ਨਾਲੋਂ ਸਾਰਥਕ ਟਿੱਪਣੀ ਸਮਝੇ ਜਾਂਦੇ ਸਨ। ਪੰਡਤ ਨਹਿਰੂ ਬਾਰੇ ਉਹਦੇ ਕਾਰਟੂਨਾਂ ਦੀ ਇਕ ਪ੍ਰਦਰਸ਼ਨੀ ਲੱਗੀ ਜਿਸ ਦੇ ਬਾਰੇ ਇਹ ਕਿਹਾ ਗਿਆ ਕਿ ਨਹਿਰੂ ਦੀ ਸ਼ਖ਼ਸੀਅਤ ਬਾਰੇ ਜੋ ਕੁਝ ਇਸ ਪ੍ਰਦਰਸ਼ਨੀ ਦੇ 60 ਕਾਰਟੂਨਾਂ ਵਿਚ ਵਿਖਾਇਆ ਗਿਆ ਹੈ, ਜੇ 60 ਕਿਤਾਬਾਂ ਵੀ ਨਹਿਰੂ ਬਾਰੇ ਲਿਖੀਆਂ ਜਾਣ ਤਾਂ ਵੀ ਉਤਨੀ ਜਾਣਕਾਰੀ ਨਾ ਮਿਲੇ। ਉਨ੍ਹਾਂ ਕਾਰਟੂਨਾਂ ਵਿਚ ਨਹਿਰੂ ਦੀਆਂ ਖੂਬੀਆਂ ਅਤੇ ਕਮਜ਼ੋਰੀਆਂ ਰੂਪਮਾਨ ਹੁੰਦੀਆਂ ਸਨ। ਲੇਡੀ ਮਾਊਂਟਬੈਟਨ ਨਾਲ ਨਹਿਰੂ ਦੀ ਨੇੜਤਾ ਸੀ। ਇਸ ਨੇੜਤਾ ਦੀ ਦੇਸ਼ਵਾਸੀਆਂ ਨੂੰ ਜਿਹੜੀ ਕੀਮਤ ਦੇਣੀ ਪਈ, ਉਹ ਹੁਣ ਇਤਿਹਾਸ ਦੇ ਪੰਨੇ ਬਣ ਚੁੱਕੇ ਹਨ। ਸ਼ੰਕਰ ਦਾ ਇਕ ਕਾਰਟੂਨ ਸੀ ਜਿਸ ਵਿਚ ਨਹਿਰੂ ਲੇਡੀ ਮਾਊਂਟਬੈਟਨ ਨਾਲ ਗੱਲਾਂ ਕਰ ਰਿਹਾ ਹੈ, ਉਹਦੀਆਂ ਅੱਖਾਂ ਦੇ ਕਾਮੁਕ ਪ੍ਰਭਾਵ ਇਸ ਤਰ੍ਹਾਂ, ਸਕੈਚ ਕੀਤੇ ਗਏ, ਜਿਨ੍ਹਾਂ ਦੇ ਪਿਛੋਕੜ ਵਿਚ ਪੀੜਤ ਭਾਰਤ ਬਿਲਕੁਲ ਭੁਲਾ ਦਿੱਤਾ ਗਿਆ ਹੈ। ਇਹ ਕਾਰਟੂਨ ਕਲਾ ਦਾ ਕਮਾਲ ਸੀ।

ਸਮਕਾਲੀ ਹਾਲਾਤ ਵਿਚ ਲਕਸ਼ਮਨ ਦੇ ਕਾਰਟੂਨ ਸ਼ੰਕਰ ਦੀ ਪ੍ਰੰਪਰਾ ਨੂੰ ਅੱਗੇ ਲਿਜਾਂਦੇ ਹਨ। ਇਨ੍ਹਾਂ ਦਿਨਾਂ ਵਿਚ ਦੋ ਕਾਰਟੂਨ ਆਏ ਹਨ, ਇਕ ਕਾਰਟੂਨ ਵਿਚ ਨੇਤਾ ਦਾ ਸੈਕਟਰੀ ਨੇਤਾ ਨੂੰ ਦੱਸ ਰਿਹਾ ਹੈ ਕਿ ਤਹਿਕੀਕਾਤੀ ਕਮੇਟੀ ਨੇ ਰਿਪੋਰਟ ਦਿੱਤੀ ਹੈ ਕਿ ਬੜਾ ਵੱਡਾ ਘੁਟਾਲਾ ਹੋਇਆ ਹੈ ਪਰ ਚੰਗੀ ਖਬਰ ਇਹ ਹੈ ਕਿ ਇਸ ਰਿਪੋਰਟ ਵਿਚ ਇਹ ਵੀ ਦਰਜ ਹੈ ਕਿ ਘੁਟਾਲੇ ਦੀ ਜ਼ਿੰਮੇਵਾਰੀ ਕਿਸੇ ਉਤੇ ਨਹੀਂ ਸੁੱਟੀ ਜਾ ਸਕਦੀ। ਇਸ ਲਈ ਨੇਤਾ ਜੀ ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀਂ। ਇਕ ਹੋਰ ਕਾਰਟੂਨ ਵਿਚ ਅਫਸਰ ਚਪੜਾਸੀ ਨੂੰ ਕਹਿ ਰਿਹਾ ਹੈ -ਤੂੰ ਬੇਗੁਨਾਹ ਹੋ ਸਕਦਾ ਏਂ ਪਰ ਤੈਨੂੰ ਕਲੀਨ ਚਿਟ ਤਾਂ ਹੀ ਮਿਲ ਸਕਦੀ ਹੈ ਕਿ ਜਾਂ ਤੇ ਤੂੰ ਪਾਰਟੀ ਮੈਂਬਰ ਹੋਵੇਂ ਜਾਂ ਫਿਰ ਕੈਬਨਿਟ ਮੈਂਬਰ ਹੋਵੇਂ। ਨਰਸਿਮਹਾ ਰਾਓ ਦੀ ਕਾਰਗੁਜ਼ਾਰੀ 'ਤੇ ਇਹ ਕਾਰਟੂਨ ਜ਼ਬਰਦਸਤ ਕਟਾਖਸ਼ ਹਨ। ਪਿੱਛੇ ਜਿਹੇ ਟ੍ਰਿਬਿਊਨ ਦੇ ਕਾਰਟੂਨਨਵੀਸ ਸੰਦੀਪ ਜੋਸ਼ੀ ਦੇ ਕਾਰਟੂਨ ਦੀ ਇਕ ਪ੍ਰਦਰਸ਼ਨੀ ਵੇਖਣ ਨੂੰ ਮਿਲੀ।

ਸ੍ਰੀ ਬੇਅੰਤ ਸਿੰਘ ਨੇ ਇਸ ਦਾ ਉਦਘਾਟਨੀ ਫੀਤਾ ਕੱਟਿਆ। ਇਸ ਪ੍ਰਦਰਸ਼ਨੀ ਵਿਚ ਬਹੁਤ ਸਾਰੇ ਕਾਰਟੂਨ ਬੇਅੰਤ ਸਿੰਘ ਬਾਰੇ ਸਨ ਜੋ ਉਸ ਦੀ ਸ਼ਖ਼ਸੀਅਤ ਬਾਰੇ ਰੌਸ਼ਨੀ ਦਿੰਦੇ ਸਨ। ਉਨ੍ਹਾਂ ਵਿਚ ਕਟਾਖਸ਼ ਬਹੁਤ ਸੀ। ਬੇਅੰਤ ਸਿੰਘ ਇਨ੍ਹਾਂ ਕਾਰਟੂਨਾਂ ਉਤੇ ਮਿੰਨਾ ਮਿੰਨਾ ਮੁਸਕਰਾਂਦੇ ਰਹੇ। ਭਾਵੇਂ ਦਿਲੋਂ ਉਹ ਸੰਦੀਪ ਨੂੰ ਮਜ਼ਾ ਚਖਾਉਣ ਦਾ ਸੋਚਦੇ ਹੋਣ। ਉਂਜ ਸੰਦੀਪ ਕਿਹੜਾ ਪ੍ਰਕਾਸ਼ ਸਿੰਘ ਬਾਦਲ ਹੈ ਜਿਸ ਉਤੇ ਸਕਿਉਰਿਟੀ ਐਕਟ ਲਗਾਇਆ ਜਾ ਸਕਦਾ ਹੈ, ਕਾਰਟੂਨ ਕਲਾ ਦੀ ਰਾਜਸੀ ਅਤੇ ਸਮਾਜਿਕ ਵਰਤਾਰੇ ਬਾਰੇ ਸਾਰਥਕ ਟਿੱਪਣੀ ਇਸ ਨੂੰ ਕਲਾ ਖੇਤਰ ਵਿਚ ਮਾਨਤਾ ਦਿੰਦੀ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਪੱਤਰਕਾਰੀ ਵਿਚ ਵੀ ਇਸ ਕਲਾ ਨੇ ਆਪਣੀ ਯੋਗ ਥਾਂ ਬਣਾ ਲਈ ਹੈ।

## ਲੋਹਾ ਕੁੱਟ ਦੀ ਪੇਸ਼ਕਾਰੀ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਰਾਮਾ ਵਿਭਾਗ ਵਲੋਂ ਸਟੂਡੀਓ ਥੀਏਟਰ ਵਿਚ ਇਹ ਨਾਟਕ ਕੀਤਾ ਗਿਆ ਹੈ। 1944 ਵਿਚ ਗਾਰਗੀ ਨੇ ਇਹ ਨਾਟਕ ਲਿਖਿਆ, ਜੋ ਪੰਜਾਬੀ ਨਾਟਕੀ ਸਾਹਿਤ ਵਿਚ ਇਕ ਮੀਲ-ਪੱਥਰ ਗਿਣਿਆ ਗਿਆ। ਇਹ ਨਾਟਕ ਜਦੋਂ ਲਾਹੌਰ ਕੀਤਾ ਗਿਆ ਤਾਂ ਇਹਦੇ ਬਾਰੇ ਬੜਾ ਵਾਦ-ਵਿਵਾਦ ਹੋਇਆ ਸੀ। ਨਾਟਕ ਦੀ ਕਹਾਣੀ ਹੈ ਕਿ ਕਾਕੂ ਲੁਹਾਰ ਦੀ ਵਹੁਟੀ ਸੰਤੀ, ਵਿਆਹ ਤੋਂ 19 ਸਾਲ ਬਾਅਦ ਆਪਣੇ ਆਸ਼ਿਕ ਗੱਜਣ ਨਾਲ ਉਧਲ ਜਾਂਦੀ ਹੈ। ਇਹਦੇ ਲਈ ਉਹਨੂੰ ਪ੍ਰੇਰਨਾ ਆਪਣੀ ਧੀ ਬੈਣੋ ਤੋਂ ਮਿਲਦੀ ਹੈ ਜੋ ਸਾਰੇ ਬੰਧਨ ਤੋੜ ਕੇ ਆਪਣੇ ਪ੍ਰੇਮੀ ਸਰਵਨ ਨਾਲ ਨੱਸ ਜਾਂਦੀ ਹੈ। ਵਾਦ-ਵਿਵਾਦ ਦਾ ਨੁਕਤਾ ਇਹ ਸੀ ਕਿ ਗਾਰਗੀ ਨੇ ਇਹ ਨਾਟਕ ਲਿਖ ਕੇ ਮਿਹਨਤਕਸ਼ ਤਬਕੇ ਦੇ ਪ੍ਰਤੀਕ ਲੁਹਾਰ ਕਾਕੂ ਦੇ ਪਸੀਨੇ ਦੀ, ਲੋਹੇ ਦੀ ਭੱਠੀ ਅਤੇ ਲੋਹੇ ਦੇ ਬੂਰ ਦੀ ਗੰਧ ਨੂੰ ਕਾਰਨ ਦੱਸਿਆ ਜਿਸ ਕਰ ਕੇ ਸੰਤੀ ਅਤੇ ਉਹਦੀ ਧੀ ਬੈਣੋ ਘਰ ਛੱਡਣ 'ਤੇ ਮਜਬੂਰ ਹੋਏ ਤੇ ਇਸ ਤਰ੍ਹਾਂ ਉਹ ਮਿਹਨਤਕਸ਼ ਤਬਕੇ ਦੀ ਮਿਹਨਤ 'ਤੇ ਵਿਅੰਗ ਕਰ ਰਿਹਾ ਹੈ ਜਿਹੜੀ ਜ਼ਿੰਦਗੀ ਦੀ ਸੂਖਮਤਾ ਦੀ ਕੀਮਤ ਨਹੀਂ ਜਾਣਦੀ। ਨਾਟਕ ਵਿਚ ਬਹੁਤ ਸਾਰੀ ਵਾਰਤਾਲਾਪ ਵੀ ਇਸ ਪੱਖ ਨੂੰ ਉਭਾਰਦੀ ਸੀ। ਕਾਕੂ ਦੀ ਅੱਖੜ ਸ਼ਖ਼ਸੀਅਤ ਵੀ ਉਸ ਦੇ ਪੇਸ਼ੇ ਦੀ ਦੇਣ ਦੇ ਤੌਰ 'ਤੇ ਉਘਾੜੀ ਗਈ ਸੀ। ਗਾਰਗੀ ਨੇ ਇਹਦਾ ਡੀਫੈਂਸ ਵੀ ਦੇਣ ਦੀ ਕੋਸ਼ਿਸ਼ ਕੀਤੀ ਸੀ ਪਰ ਇਹ ਡੀਫੈਂਸ ਕਲਾ ਦੇ ਪੱਖ ਤੋਂ ਤਾਂ ਠੀਕ ਕਿਹਾ ਜਾ ਸਕਦਾ ਸੀ ਪਰ ਵਾਦ-ਵਿਵਾਦੀ ਨੁਕਤੇ ਦਾ ਜਵਾਬ ਨਹੀਂ ਦੇ ਸਕਿਆ। ਹੁਣ ਵਾਲੀ ਪੇਸ਼ਕਾਰੀ ਜਿਹੜੀ ਕੀਤੀ ਗਈ ਹੈ, ਉਹਦੇ ਵਿਚ ਕੇਂਦਰੀ ਨੁਕਤਾ ਮੁੱਖ ਤੌਰ 'ਤੇ ਮਿਹਨਤ ਦੀ ਸਾਹ ਘੁੱਟਵੀਂ ਗੰਧ ਨਹੀਂ ਸੀ ਸਗੋਂ ਔਰਤ ਦਾ ਅਤ੍ਰਿਪਤ ਪਿਆਰ ਸੀ, ਜੋ ਸਾਰੀਆਂ ਬੰਦਸ਼ਾਂ ਤੋੜ ਕੇ ਤ੍ਰਿਪਤੀ ਦਾ ਚਾਹਵਾਨ ਹੈ। ਇਹ ਪਹਿਲੂ ਸਾਰੇ ਨਾਟਕ ਨੂੰ ਬਹੁਤੀ ਸਾਰਥਕਤਾ ਦਿੰਦਾ ਹੈ। ਡਰਾਮਾ ਵਿਭਾਗ ਦੇ ਮੁਖੀ ਡਾ. ਮਹਿੰਦਰ ਨੇ ਇਹਦੀ ਨਿਰਦੇਸ਼ਨਾ ਕੀਤੀ ਅਤੇ ਵਿਭਾਗ ਦੇ ਵਿਦਿਆਰਥੀਆਂ ਨੇ ਇਸ ਵਿਚ ਐਕਟਿੰਗ ਕੀਤੀ। ਇਹ ਇਕ ਵਧੀਆ ਪੇਸ਼ਕਾਰੀ ਬਣ ਸਕੀ। ਮੁੱਖ ਕਲਾਕਾਰਾਂ ਨੇ ਆਪਣੀਆਂ ਭੂਮਿਕਾਵਾਂ ਨਾਲ ਪੂਰੀ ਤਰ੍ਹਾਂ ਇਨਸਾਫ ਕੀਤਾ। ਖਾਸ ਕਰ ਕੇ ਮਨੀਸ਼ਾ ਮਹਾਜਨ ਨੇ ਸੰਤੀ ਦੇ ਰੂਪ ਵਿਚ ਅਤੇ ਅਸਵਤ ਥਾਮ ਨੇ ਕਾਕੂ ਦੇ ਰੂਪ ਵਿਚ ਕਿਧਰੇ ਕਿਧਰੇ ਐਕਟਿੰਗ ਦੀਆਂ ਸਿਖਰਾਂ ਛੂਹੀਆਂ। ਇਹ ਨਾਟਕ ਹਿੰਦੀ ਵਿਚ ਕੀਤਾ ਗਿਆ, ਭਾਵੇਂ ਉਹਨੇ ਦਰਸ਼ਕਾਂ ਨੂੰ ਜਿਨ੍ਹਾਂ ਨੇ ਇਹਨੂੰ ਪੰਜਾਬੀ ਵਿਚ ਪੜ੍ਹਿਆ ਅਤੇ ਦੇਖਿਆ ਸੀ ਇਹ ਗੱਲ ਖਟਕੀ। ਡਾ. ਮਹਿੰਦਰ ਹੋਰਾਂ ਦੀ ਇਸ ਦਲੀਲ ਵਿਚ ਵਜ਼ਨ ਜ਼ਰੂਰ ਸੀ ਕਿ ਉਹ ਚਾਹੁੰਦੇ ਹਨ ਕਿ ਪੰਜਾਬੀ ਸਾਹਿਤ ਦੇ ਚੰਗੇ ਨਾਟਕਾਂ ਨਾਲ ਬਾਕੀ ਭਾਰਤ ਦੇ ਦਰਸ਼ਕਾਂ ਦੀ ਪਹਿਚਾਣ ਕਰਵਾਈ ਜਾਵੇ ਪਰ ਇਸ ਦੇ ਇਲਾਵਾ ਹੋਰ ਵੀ ਕਾਰਨ ਹੋ ਸਕਦਾ ਕਿ ਵਿਭਾਗ ਦੇ ਵਿਦਿਆਰਥੀ ਪੰਜਾਬੀ ਨਹੀਂ ਬੋਲ ਸਕਦੇ ਅਤੇ ਉਨ੍ਹਾਂ ਦਾ ਪੰਜਾਬੀ ਉਚਾਰਨ ਨਾਟਕ ਨਾਲ ਇਨਸਾਫ ਨਹੀਂ ਕਰ ਸਕਦਾ ਸੀ। ਫਿਰ ਵੀ ਇਹ ਮੁਬਾਰਕ ਗੱਲ ਹੈ ਕਿ ਇਸ ਵਿਭਾਗ ਵਲੋਂ ਬੜੀ ਦੇਰ ਬਾਅਦ ਇਕ ਪੰਜਾਬੀ ਪਿਛੋਕੜ ਦਾ ਮੌਲਿਕ ਨਾਟਕ ਕੀਤਾ ਗਿਆ ਹੈ ਜੋ ਦਿੱਲੀ ਦੇ ਥੀਏਟਰ ਦੀ ਨਕਲ ਨਹੀਂ ਸੀ, ਸਗੋਂ ਉਹਦੀ ਸਾਰੀ ਸੈਟਿੰਗ ਪੰਜਾਬ ਦੇ ਸਭਿਆਚਾਰ ਨੂੰ ਰੂਪਮਾਨ ਕਰਦੀ ਸੀ।

**ਗੁਰਸ਼ਰਨ ਸਿੰਘ**